The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702,
www.redcleaning.co.nz

17 March 2020 Daily, editornztasveer@gmail.com designnztasveer@gmail.com Ph/Fax: 09 390 4644

# ਸੈਲਾਨੀ ਵੀਜ਼ੇ ’ਤੇ ਕੰਮ ਕਰਦੇ ਕਾਮੇ ਇੰਮੀਗ੍ਰੇਸ਼ਨ ਵਿਭਾਗ ਦੇ ਹੱਥੀ ਚੜ੍ਹੇ

ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ): ਪੁਕੀਕੁਹੀ ਦੇ ਫਾਰਮਾਂ ਵਿਚੋਂ ਅਜਿਹੇ ਵਿਅਕਤੀਆਂ ਨੂੰ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਦਬੋਚਿਆ ਗਿਆ ਹੈ, ਜਿਨ੍ਹਾਂ ਕੋਲ ਵਰਕ ਵੀਜ਼ਾ ਨਹੀਂ ਸੀ ਬਲਕਿ ਉਹ ਵਿਜ਼ਟਰ ਵੀਜ਼ੇ ਉਤੇ ਨਿਊਜ਼ੀਲੈਂਡ ਆਏ ਹੋਏ ਸਨ। ਲੇਬਰ ਇੰਸਪੈਕਟਰ ਤੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਇਕ ਛਾਪੇਮਾਰੀ ਦੌਰਾਨ ਪੁੱਕੀਕੁਹੀ ਦੇ ਫਾਰਮਾਂ ਵਿਚੋਂ 4 ਅਤੇ ਹੈਸਟਿੰਗ ਦੇ ਬਾਗ ਵਿਚੋਂ 7 ਵਿਅਕਤੀਆਂ ਨੂੰ ਇਨ੍ਹਾਂ ਦੋਸ਼ਾਂ ਤਹਿਤ ਕਾਬੂ ਕੀਤਾ ਹੈ। ਇਨ੍ਹਾਂ ਵਿਚੋਂ 8 ਵਿਅਕਤੀਆਂ ਨੂੰ ਚੇਤਾਵਨੀ ਦੇ ਕੇ ਛੱਡ ਦਿੱਤਾ ਗਿਆ ਹੈ, ਜਦੋਂ ਕਿ 2 ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ 1 ਵਿਅਕਤੀ ਨੂੰ ਜਲਦ ਡਿਪੋਰਟ ਕਰਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਇਨ੍ਹਾਂ ਸਾਰੇ ਵਿਅਕਤੀਆਂ ਨੂੰ ਕਿਸੇ ਵੀ ਤਰ੍ਹਾਂ ਦਾ ਕੰਮ ਕਰਨ ਦਾ ਕੋਈ ਪਰਮਿਟ ਨਹੀਂ ਸੀ। ਇਹ ਸਾਰੇ ਵਿਅਕਤੀ ਗੈਰ ਕਾਨੂੰਨੀ ਢੰਗ ਨਾਲ ਕੰਮ ਕਰ ਰਹੇ ਸਨ, ਫਿਲਹਾਲ ਮਾਲਕਾਂ ’ਤੇ ਕੀ ਕਾਰਵਾਈ ਕੀਤੀ ਗਈ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।



## ਨਿਊਜ਼ੀਲੈਂਡ ਦਾ ਇਮੀਗ੍ਰੇਸ਼ਨ ਵਿਭਾਗ ਹੋਇਆ ਸਖ਼ਤ ਸਾਡੀਆਂ ਸ਼ਰਤਾਂ ਮੰਨੋ ਨਹੀਂ ਤਾਂ ਆਪਣੇ ਵਤਨ ਜਾਓ ਵਾਪਸ

ਬੀਤੇ ਦਿਨੀਂ ਗੈਰ ਕਾਨੂੰਨੀ ਢੰਗ ਨਾਲ ਕੰਮ ਕਰਦਿਆਂ ਕਾਮਿਆਂ ਨੂੰ ਫੜਨ ਤੋਂ ਬਾਅਦ ਨਿਊਜ਼ੀਲੈਂਡ ਦਾ ਇੰਮੀਗ੍ਰੇਸ਼ਨ ਵਿਭਾਗ ਸਖ਼ਤ ਹੋ ਗਿਆ ਹੈ। ਉਨ੍ਹਾਂ ਨੇ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਹੈ ਕਿ ਜਾਂ ਤਾਂ ਸਾਡੀਆਂ ਸ਼ਰਤਾਂ ’ਤੇ ਇਥੇ ਰਹੋ ਨਹੀਂ ਤਾਂ ਆਪਣੇ ਵਤਨ ਵਾਪਸ ਚਲੇ ਜਾਓ। ਪ੍ਰਧਾਨ ਮੰਤਰੀ ਆਰਡਰਨ ਨੇ ਮੀਡੀਆਂ ਨਾਲ ਗੱਲਬਾਤ ਕਰਦਿਆਂ ਸਾਫ ਸ਼ਬਦਾਂ ਵਿਚ ਕਿਹਾ ਹੈ ਕਿ ਜੇਕਰ ਨਿਊਜ਼ੀਲੈਂਡ ਘੁੰਮਣ ਆਏ ਹੋ ਤਾਂ ਸਾਡੀਆਂ ਹਦਾਇਤਾਂ ਨੂੰ ਮੰਨੋ ਨਹੀਂ ਤਾਂ ਤੁਹਾਨੂੰ ਤੁਰੰਤ ਡਿਪੋਰਟ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੈਲਫ ਆਈਸੋਲੇਸ਼ਨ ਲਈ ਨਾ ਜਾਣ ਤੇ ਤੁਹਾਨੂੰ ਜਿਥੇ ਵੱਡਾ ਜੁਰਮਾਨਾ ਹੋ ਸਕਦਾ ਹੈ ਉਥੇ ਹੀ ਤੁਹਾਨੂੰ ਡਿਪੋਰਟ ਵੀ ਕੀਤਾ ਜਾਵੇਗਾ। ਕੋਰੋਨਾ ਵਾਇਰਸ ਦੇ ਮੱਦੇਨਜ਼ਰ ਜਿਥੇ ਕਈ ਸਰਕਾਰੀ ਅਤੇ ਗੈਰ ਸਰਕਾਰੀ ਸਮਾਗਮ ਰੱਦ ਕੀਤੇ ਗਏ ਹਨ, ਉਥੇ ਹੀ 500 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ’ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ।

# ਉਘੇ ਲੇਖਕ ਅਤੇ ਗੀਤਕਾਰ ਮੰਗਲ ਹਠੂਰ ਵੱਲੋਂ ਲਿਖੀ ਪੁਸਤਕ ‘ਪੰਜਾਬ ਦੇ ਪਾਣੀ’ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿਚ ਕੀਤੀ ਗਈ ਰਿਲੀਜ਼



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਉਘੇ ਲੇਖਕ ਅਤੇ ਗੀਤਕਾਰ ਮੰਗਲ ਹਠੂਰ ਵੱਲੋਂ ਲਿਖੀ ਪੁਸਤਕ ਪੰਜਾਬ ਦੇ ਪਾਣੀ ਨੂੰ ਬੀਤੇ ਦਿਨੀਂ ਲਵ ਪੰਜਾਬ ਰੈਸਟੋਰੈਂਟ ਵਿਖੇ ਰਿਲੀਜ਼ ਕੀਤਾ ਗਿਆ ਹੈ। ਇਹ ਸਮਾਗਮ ਐਸ.ਬੀ.ਐਸ. ਸਪੋਰਟਸ ਕਲੱਬ, ਮਾਲਵਾ ਕਲੱਬ, ਐਨਜ਼ੈਡ ਕਬੱਡੀ ਕਲੱਬ ਫੈਡਰੇਸ਼ਨ ਵੱਲੋਂ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ ਮੰਗਲ ਹਠੂਰ ਨੇ ਆਪਣੇ ਗੱਲਬਾਤ ਕਰਦਿਆਂ ਆਪਣੇ ਜ਼ਿੰਦਗੀ ਦੇ ਖੱਟੇ ਮਿੱਠੇ ਤਜਰਬੇ ਸਾਂਝੇ ਕੀਤੇ ਅਤੇ ਉਨ੍ਹਾਂ ਨੇ ਆਪਣੇ ਲਿਖੇ ਹੋਏ ਗੀਤ ਤਰੰਨਮ ਵਿਚ ਗਾ ਕੇ ਪੇਸ਼ ਕੀਤੇ ਅਤੇ ਸਰੋਤਿਆਂ ਨੂੰ ਝੂਮਣ ਲਗਾ ਦਿੱਤਾ। ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਪਰਮਿੰਦਰ ਪਾਪਾਟੋਏਟੋਏ ਨੇ ਨਿਭਾਈ। ਅਖੀਰ ਸਿੰਘ ਤੀਰਥ ਅਟਵਾਲ ਨੇ ਆਏ ਹੋਏ ਸੱਜਣਾਂ ਮਿੱਤਰ ਪ੍ਰੇਮੀਆਂ, ਕਬੱਡੀ ਫੈਡਰੇਸ਼ਨ ਦੇ ਮੈਂਬਰਾਂ, ਕਬੱਡੀ ਕਲੱਬ ਦੇ ਮੈਂਬਰਾਂ ਅਤੇ ਮੀਡੀਆ ਦਾ ਧੰਨਵਾਦ ਕੀਤਾ। ਰੇਡੀਓ ਸਪਾਇਸ ਤੋਂ ਨਵਤੇਜ ਰੰਧਾਵਾ, ਪਰਮਿੰਦਰ ਪਾਪਾਟੋਏਟੋਏ, ਐਨ. ਜ਼ੈਡ. ਤਸਵੀਰ ਤੋਂ ਨਰਿੰਦਰ ਸਿੰਗਲਾ ਖਾਸ ਤੌਰ ’ਤੇ ਪਹੁੰਚੇ ਹੋਏ ਸਨ। ਇਸ ਸਮੇਂ ਸਥਾਨਕ ਗਾਇਕ ਸੱਤਾ ਵੈਰੋਵਾਲੀਆ, ਅਮਨ ਦੁੱਲੇਵਾਲਾ ਅਤੇ ਹਰਪ੍ਰੀਤ ਮਾਨ ਨੇ ਵੀ ਆਪਣੀ ਗੀਤੇ ਗਾਏ। ਸਵਰਨ ਟਹਿਣਾ ਉਘੇ ਪੱਤਰਕਾਰ ਜੋ ਕਿ ਉਚੇਚੇ ਤੌਰ ’ਤੇ ਨਿਊਜ਼ੀਲੈਂਡ ਪਹੁੰਚੇ ਹੋਏ ਹਨ ਨੇ ਸਥਾਨਕ ਵਾਸੀਆਂ ਨਾਲ ਆਪਣੇ ਪੱਤਰਕਾਰਤਾ ਸਬੰਧੀ ਗੱਲਬਾਤ ਕੀਤੀ। ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਹਰਮਿੰਦਰ ਚੀਮਾ ਨੇ ਵੀ ਆਪਣੀ ਹਾਜ਼ਰੀ ਇਸ ਸਮਾਗਮ ਵਿਚ ਲਗਵਾਈ।

# ਕੋਰੋਨਾ ਵਾਇਰਸ ਵਿੱਤੀ ਪੈਕੇਜ : ਸਰਕਾਰ ਵੱਲੋਂ 12.1 ਬਿਲੀਅਨ ਡਾਲਰ ਦੀ ਵਿੱਤੀ ਸਮਰਥਨ ਪੈਕੇਜ ਦਾ ਕੀਤਾ ਐਲਾਨ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ): ਨਿਊਜ਼ੀਲੈਂਡ ਦੀ ਸਰਕਾਰ ਨੇ ਆਰਥਿਕਤਾ ਲਈ 12.1 ਬਿਲੀਅਨ ਡਾਲਰ ਦੇ ਸਮਰਥਨ ਪੈਕੇਜ ਦਾ ਐਲਾਨ ਕੀਤਾ ਹੈ, ਜਿਸ ਵਿਚੋਂ ਤਕਰੀਬਨ ਅੱਧੀ ਨਗਦੀ ਕੋਰੋਨਾਵਾਇਰਸ ਪ੍ਰਭਾਵਿਤ ਕਾਰੋਬਾਰੀਆਂ ਲਈ ਤਨਖਾਹ ਸਬਸਿਡੀ ਪੈਕੇਜ ’ਤੇ ਖਰਚੀ ਜਾਵੇਗੀ। ਪੈਕੇਜ ਲਈ ਯੋਗ ਉਹ ਪੂਰਨ ਸਮੇਂ ਦੇ ਕਰਮਚਾਰੀ ਸਰਕਾਰ ਤੋਂ ਪ੍ਰਤੀ ਹਫਤੇ 585 ਡਾਲਰ ਪ੍ਰਾਪਤ ਕਰਨਗੇ, ਜੋਂ ਕ 12 ਹਫਤੇ ਦੇ ਅਰਸੇ ਲਈ 7000 ਡਾਲਰ ਤੋਂ ਵੱਧ ਇਕਮੁਸ਼ਤ ਰਕਮ ਵਿਚ ਅਦਾ ਕੀਤੇ ਜਾਣਗੇ। ਸਰਕਾਰ ਵੱਲੋਂ ਇਹ ਭੁਗਤਾਨ 1 ਅਪ੍ਰੈਲ ਤੋਂ ਸ਼ੁਰੂ ਕੀਤਾ ਜਾਵੇਗਾ ਜਿਸ ਵਿਚ 25 ਡਾਲਰ ਪ੍ਰਤੀ ਹਫਤੇ ਦਾ ਵਾਧਾ ਹੋਵੇਗਾ ਅਤੇ ਵਿੰਟਰ ਐਨਰਜੀ ਪੇਟਮੈਂਟ ਭੁਗਤਾਨ ਨੂੰ ਦੁਗਣਾ ਕੀਤਾ ਜਾਵੇਗਾ। ਇਹ ਸਰਕਾਰ ਦੇ ਖਰਚੇ ਤੇ ਜਵਾਬ ਦੀ ਸਿਰਫ ਪਹਿਲੀ ਕਿਸ਼ਤ ਹੈ ਬਾਕੀ ਮਈ ਦੇ ਰਿਕਵਰੀ ਬਜਟ ਦੌਰਾਨ ਦਿੱਤੀ ਜਾਵੇਗੀ।

# ਉਘੇ ਪੱਤਰਕਾਰ ਸਵਰਨ ਟਹਿਣਾ ਅਤੇ ਹਰਮਨ ਥਿਂਦ ਨੇ ਸਾਂਝ ਕਲੱਬ ਦੇ ਸੱਦੇ ’ਤੇ ਨਿਊਜ਼ੀਲੈਂਡ ਪਹੁੰਚੇ



ਆਕਲੈਂਡ (ਐਨ. ਜ਼ੈਡ. ਤਸਵੀਰ): ਸਵਰਨ ਟਹਿਣਾ ਤੇ ਹਰਮਨ ਥਿੰਦ ਸਾਂਝ ਕਲੱਬ ਦੇ ਸੱਦੇ ’ਤੇ ਨਿਊਜ਼ੀਲੈਂਡ ਪਹੁੰਚੇ ਹੋਏ ਹਨ। ਆਪਣੀ ਇਸ ਫੇਰੀ ਦੌਰਾਨ ਨਿਊਜ਼ੀਲੈਂਡ ਦੇ ਵੱਖ-ਵੱਖ ਸਮਾਗਮਾਂ ਵਿਚ ਉਨ੍ਹਾਂ ਨੇ ਹਿਸਾ ਲਿਆ ਅਤੇ ਬੀਤੇ ਦਿਨੀਂ ਗੁਰਦੁਆਰਾ ਦਸ਼ਮੇਸ਼ ਦਰਬਾਰ ਦੀ ਮੈਨੇਜਮੈਂਟ ਕਮੇਟੀ ਵੱਲੋ ਂ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਵਰਨ ਟਹਿਣਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਪੰਜਾਬ ਅਤੇ ਹਿੰਦੋਸਤਾਨ ਦੇ ਹਾਲਾਤਾਂ ’ਤੇ ਚਾਨਣ ਪਾਇਆ ਅਤੇ ਉਨ੍ਹਾਂ ਉਚੇਚੇ ਤੌਰ ’ਤੇ ਪ੍ਰਦੇਸ਼ੀਆਂ ਨੂੰ ਅਪੀਲ ਕੀਤੀ ਕਿ ਉਹ ਸਾਨੂੰ ਧਾਰਮਿਕ ਸੰਸਥਾਵਾਂ ਬਣਾਉਣ ਦੀ ਥਾਂ ’ਤੇ ਪੰਜਾਬ ਵਿਚ ਮਾਲਵਾ ਪੱਟੀ ਜੋ ਕਿ ਕੈਂਸਰ ਤੋਂ ਗ੍ਰਸਤ ਹੈ ਹਰ ਪਿੰਡ ਪਿੰਡ ਵਿਚ ਡਿਸਪੈਂਸਰੀ, ਲਾਇਬ੍ਰੇਰੀ ਅਤੇ ਦਰਖ਼ਤ ਲਗਾਉਣਾ ਦਾ ਉਚੇਚਾ ਪ੍ਰਬੰਧ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇੱਕ ਵਾਰ ਦਰਬਾਰ ਸਾਹਿਬ ਵੱਲੋਂ ਪੌਦਿਆ ਦਾ ਪ੍ਰਸਾਦ ਸੰਗਤਾਂ ਵਿਚ ਵੰਡਿਆ ਸੀ, ਕਿਉਂਕਿ ਲੋਕਾਂ ਵਿਚ ਧਾਰਮਿਕ ਆਸਥਾ ਹੁੰਦੀ ਹੈ ਅਤੇ ਧਾਰਮਿਕ ਆਸਥਾ ਕਾਰਨ ਲੋਕ ਪਵਿੱਤਰ ਅਸਥਾਨ ਵੱਲੋਂ ਦਿੱਤੀ ਗਈ ਪ੍ਰਸਾਦ ਰੂਪੀ ਚੀਜ਼ ਨੂੰ ਸੰਭਾਲ ਸੰਭਾਲ ਰੱਖਦੇ ਹਨ, ਇਸੇ ਕਾਰਨ ਉਸ ਸਮੇਂ ਦਰਖ਼ਤਾਂ ਨੂੰ ਪ੍ਰਸਾਦ ਦੇ ਰੂਪ ਵਿਚ ਦੇਣ ਨਾਲ ਲੋਕਾਂ ਨੇ ਉਨ੍ਹਾਂ ਦਰਖ਼ਤਾਂ ਦੀ ਚੰਗੀ ਸੰਭਾਲ ਕੀਤੀ ਸੀ, ਸਾਨੂੰ ਇਸ ਤਰ੍ਹਾਂ ਦਾ ਉਪਰਾਲਾ ਮੁੜ ਕਰਨਾ ਚਾਹੀਦਾ ਹੈ

# ਆਕਲੈਂਡ ਵਿਖੇ ਦੋ ਵਿਅਕਤੀਆਂ ਨੂੰ ਮਾਰੀ ਗੋਲੀ

ਆਕਲੈਂਡ (ਐਨ. ਜ਼ੈਡ. ਤਸਵੀਰ): ਆਕਲੈਂਡ ਦੇ ਪਾਪਾਟੋਏਟੋਏ ਵਿਚ ਦੋ ਵਿਅਕਤੀਆਂ ਨੂੰ ਗੋਲੀ ਮਾਰੇ ਜਾਣ ਦਾ ਸਮਾਚਾਰ ਮਿਲਿਆ ਹੈ, ਜਿਸ ਸਬੰਧੀ ਪੁਲਿਸ ਵਿਚ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਨੇ ਅੱਜ ਦੁਪਹਿਰ ਇੱਕ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਆਦਮੀ ਮਿਡਲਮੋਰ ਹਸਪਤਾਲ ਵਿਚ ਸਰਜਰੀ ਕਰ ਰਹੇ ਸਨ। ਪੁਲਿਸ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਦੁਪਹਿਰ 1.40 ਤੇ ਪੁਲਿਸ ਨੂੰ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਥੋੜੀ ਦੇਰ ਬਾਅਦ ਹੀ ਪੁਲਿਸ ਨੂੰ ਇੱਕ ਹੋਰ ਜਾਣਕਾਰੀ ਮਿਲੀ ਜਿਸ ਵਿਚ ਪੁਲਿਸ ਨੂੰ ਪਤਾ ਲੱਗਿਆ ਕਿ ਮਿਡਲਮੋਰ ਹਸਪਤਾਲ ਵਿਚ ਦੋ ਵਿਅਕਤੀਆਂ ਨੂੰ ਭਰਤੀ ਕਰਵਾਇਆ ਗਿਆ ਹੈ, ਜਿਨ੍ਹਾਂ ਦੇ ਗੋਲੀਆਂ ਲੱਗੀਆਂ ਹਨ। ਕਾਊਂਟੀ ਪੁਲਿਸ ਨੇ ਇਸ ਸਬੰਧੀ ਜਾਣਕਾਰੀ ਲਈ ਲੋਕਾਂ ਤੋਂ ਸਹਾਇਤਾ ਮੰਗੀ ਹੈ ਅਤੇ 092611321 ’ਤੇ ਸੰਪਰਕ ਕਰਨ ਨੂੰ ਕਿਹਾ ਹੈ।

# ਕੋਰੋਨਾ ਦਾ ਆਰਥਿਕ ਪ੍ਰਭਾਵ ਵਿਸ਼ਵ ਵਿਆਪੀ ਵਿੱਤੀ ਸੰਕਟ ਨਾਲੋਂ ਵੀ ਮਾੜਾ ਹੋਵੇਗਾ:-ਆਰਡਨ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਪ੍ਰਧਾਨ ਮੰਤਰੀ ਜੈਸ਼ਿੰਦਾ ਆਡਰਨ ਨੇ ਚੇਤਾਵਨੀ ਦਿੱਤੀ ਹੈ ਕਿ ਕੋਰੋਨਾਵਾਇਰਸ ਦਾ ਆਰਥਿਕ ਪ੍ਰਭਾਵ ਸਾਲ 2008 ਦੇ ਵਿਸ਼ਵ ਵਿੱਤੀ ਸੰਕਟ ਨਾਲੋਂ ਵੀ ਮਾੜਾ ਹੋ ਸਕਦਾ ਹੈ। ਸਰਕਾਰ ਨੇ ਕੱਲ ਤੂਫਾਨੀ ਮੌਸਮੀ ਦੇ ਪ੍ਰਭਾਵਾ ਦੇ ਸਬੰਧ ‘ਚ ਆਰਥਿਕਤਾ ਵਿੱਚ ਸਹਾਇਤਾ ਲਈ ਇੱਕ ਵਿਸ਼ਾਲ ਮੁਦਰਾ ਪੈਕੇਜ ਦੇ ਵੇਰਵਿਆਂ ਦੀ ਘੋਸ਼ਣਾ ਕੀਤੀ ਹੈ। ਅੱਜ ਆਪਣੇ ਕੈਬਨਿਟ ਤੋਂ ਬਾਅਦ ਦੇ ਭਾਸ਼ਣ ‘ਤੇ, ਸ਼੍ਰੀਮਤੀ ਆਡਰਨ ਨੇ ਅੱਗੇ ਸਥਿਤੀ ਦੀ ਗੰਭੀਰਤਾ ਬਾਰੇ ਦੱਸਿਆ। ਉਸਨੇ ਕਿਹਾ, ਇਸ ਹਫਤੇ ਦੇ ਅੰਤ ਵਿੱਚ ਮੈਨੂੰ ਟਰੇਜਟੀ ਤੋਂ ਮੁੱਢਲੀ ਸਲਾਹ ਮਿਲੀ ਹੈ ਕਿ ਨਿਊਜੀਲੈਂਡ ਉੱਤੇ ਵਾਇਰਸ ਦਾ ਆਰਥਿਕ ਪ੍ਰਭਾਵ ਵਿਸ਼ਵਵਿਆਪੀ ਵਿੱਤੀ ਸੰਕਟ ਦੇ ਪ੍ਰਭਾਵ ਨਾਲੋਂ ਵੱਡਾ ਹੋ ਸਕਦਾ ਹੈ। ਅੰਤਰ ਇਹ ਹੈ ਕਿ ਇੱਥੇ ਆਰਥਿਕ ਪ੍ਰਤੀਕ੍ਰਿਆ ਲਈ ਕੋਈ ਮੌਜੂਦਾ ਪਲੇਬੁੱਕ ਨਹੀਂ ਹੈ। “ਇਸ ਸਮੇਂ ਅਸੀਂ ਪ੍ਰਭਾਵਾਂ ਬਾਰੇ ਪੱਕਾ ਯਕੀਨ ਨਹੀਂ ਕਰ ਸਕਦੇ ਪਰ ਅਸੀਂ ਇਹ ਯਕੀਨ ਕਰ ਸਕਦੇ ਹਾਂ ਕਿ ਇਹ ਮਹੱਤਵਪੂਰਣ ਹੋਵੇਗਾ।“




Trusted Results. Trusted Agent. Trusted Brand

Hassle free Property Management
Why Us?
Two months fee free*
Free tenancy advice
Free Rental Appraisal
Regular rent reviews
Zero tolerance for rent arrears
Competitive Management Fees
Bond Lodgement
Quarterly maintenance inspection
Arrange credit, background and reference checks and more *
*ts & cs apply
Call Nicole on 09 941 3861
Harcourts Papatoetoe